ਡਾਇਰੈਕਟੋਰੇਟ, ਸਥਾਨਕ ਸਰਕਾਰ ਵਿਭਾਗ, ਪੰਜਾਬ
Directorate, Local Government, Punjab
ਪੰਜਾਬ ਮਿਊਂਸਪਲ ਭਵਨ, ਪਲਾਟ ਨੰ: 3, ਸੈਕਟਰ-35-ਏ, ਚੰਡੀਗੜ੍ਹ
(ਟਾਊਨ ਪਲੈਨਿੰਗ ਵਿੰਗ)

ਮੀਮੋ ਨੰ: ਸੀ.ਟੀ.ਪੀ.(ਸਸ)-2022/2254
ਮਿਤੀ: 30/08/2022

ਫੋਨ ਨੰ: 0172-2619220
ਈ-ਮੇਲ:- tpw.lg.pb@gmail.com

ਸੇਵਾ ਵਿਖੇ,

ਕਾਰਜ ਸਾਧਕ ਅਫਸਰ,
ਨਗਰ ਕੌਂਸਲ,
ਜੀਰਕਪੁਰ।

ਵਿਸ਼ਾ:- ਨਗਰ ਕੌਂਸਲ, ਜੀਰਕਪੁਰ ਦੀ ਹਦੂਦ ਅੰਦਰ ਪਿੰਡ ਛੱਤ ਦੀ ਹੱਦਬਸਤ ਨੰ: 286 ਵਿੱਚ 12.255 ਏਕੜ ਰਕਬੇ ਅੰਦਰ M/s AFFINITY BUILDTECH ਨਾਂ ਦੇ ਰਿਹਾਇਸ਼ੀ ਗਰੁੱਪ ਹਾਊਸਿੰਗ ਅਤੇ ਕਮਰਸ਼ੀਅਲ ਪ੍ਰੋਜੈਕਟ ਦੀ ਤਕਨੀਕੀ ਪ੍ਰਵਾਨਗੀ ਜਾਰੀ ਕਰਨ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਆਪ ਨੂੰ ਰਾਇ ਦਿੱਤੀ ਜਾਂਦੀ ਹੈ ਕਿ ਨਕਸ਼ਾ ਪ੍ਰਵਾਨਗੀ ਲਈ ਵਿਚਾਰਨ ਤੋਂ ਪਹਿਲਾਂ ਗਰੁੱਪ ਹਾਊਸਿੰਗ ਪ੍ਰੋਜੈਕਟ ਅੰਦਰ ਤਜਵੀਜਤ ਕੰਨਵੀਨੀਅਟ ਸ਼ਾਪਿੰਗ ਬਲਾਕ-3 ਅਤੇ 4 ਦੇ ਐਂਟਰੀ ਸਟੈਪਸ ਰੋਡ ਵੱਲ ਨਾ ਕਰਦੇ ਹੋਏ ਪਾਰਕਿੰਗ ਵੱਲ ਕਰਵਾ ਲਏ ਜਾਣ, ਬੇਸ ਐਫ.ਏ.ਆਰ 1:2.00 ਦੇ ਉਪਰ ਪ੍ਰਚੇਜ ਕੀਤੀ ਗਈ ਵਾਧੂ ਐਫ.ਏ.ਆਰ (ਗਰੀਨ ਬਿਲਡਿੰਗ ਇੰਨਸੈਂਟਿਵ ਦੀ ਐਫ.ਏ.ਆਰ ਨੂੰ ਛੱਡ ਕੇ) ਦੀ ਰੂਲਾਂ/ਹਦਾਇਤਾਂ ਅਨੁਸਾਰ ਬਣਦੀ ਫੀਸ ਪ੍ਰਮੋਟਰ ਪਾਸੋਂ ਵਸੂਲ ਲਈ ਜਾਵੇ, ਗਰੀਨ ਬਿਲਡਿੰਗ ਇੰਨਸੈਂਟਿਵ ਦਾ ਐਨ.ਓ.ਸੀ ਸਬੰਧਤ ਵਿਭਾਗ ਪਾਸੋਂ ਪ੍ਰਾਪਤ ਕਰ ਲਿਆ ਜਾਵੇ, ਸਰਕਾਰ ਵੱਲੋਂ ਜਾਰੀ ਈ.ਡਬਲਿਊ.ਐਸ ਪਾਲਿਸੀ ਦੇ ਉਪਬੰਧਾਂ/ਹਦਾਇਤਾਂ ਅਨੁਸਾਰ ਪ੍ਰਮੋਟਰ ਪਾਸੋਂ ਈ.ਡਬਲਿਊ.ਐਸ ਫਲੈਟਾਂ ਦੀ ਫੀਸ ਵਸੂਲ ਲਈ ਜਾਵੇ, ਪੀ.ਪੀ.ਸੀ.ਬੀ ਵਿਭਾਗ ਪਾਸੋਂ ਲੋੜੀਂਦਾ ਐਨ.ਓ.ਸੀ ਪ੍ਰਾਪਤ ਕਰ ਲਿਆ ਜਾਵੇ, ਸਰਕਾਰ ਦੀਆਂ ਹਦਾਇਤਾਂ ਮੀਮੋ ਨੰ: ਸੀਟੀਪੀ-ਐਲਜੀ-ਏਟੀਪੀ-ਜੀ-07/1513-23 ਮਿਤੀ 18-12-07/ਮੀਮੋ ਨੰ: ਸੀਟੀਪੀ (ਐਲਜੀ)-2008/1060 ਮਿਤੀ 29.9.08 ਅਨੁਸਾਰ ਸਬੰਧਤ ਇੰਸਟੀਚਿਊਟ ਤੋਂ ਸਟਰੱਕਚਰ ਸੇਫਟੀ ਸਰਟੀਫਿਕੇਟ ਪ੍ਰਾਪਤ ਕਰ ਲਿਆ ਜਾਵੇ, ਸਰਕਾਰ ਦੀਆਂ ਹਦਾਇਤਾਂ ਨੰ: 2537 ਮਿਤੀ 26.07.2021 ਅਨੁਸਾਰ ECBC Consultant ਤੋਂ ਡਰਾਇੰਗ ਵੈਟ ਕਰਵਾ ਲਈ ਜਾਵੇ, ਐਸ.ਟੀ.ਪੀ ਦੀ ਤਜਵੀਜ ਨਕਸ਼ੇ ਅੰਦਰ ਦਰਸਾ ਲਈ ਜਾਵੇ, ਐਨ.ਬੀ.ਸੀ ਦੇ ਉਪਬੰਧਾਂ ਅਨੁਸਾਰ ਵਾਟਰ ਟੈਂਕ ਦੀ ਵਿਵਸਥਾ ਕਰਵਾ ਲਈ ਜਾਵੇ, ਉਸ ਉਪਰੰਤ ਮਲਕੀਤੀ ਦਸਤਾਵੇਜ/ਰਕਬਾ ਨਗਰ ਕੌਂਸਲ ਪੱਧਰ ਤੇ ਵੈਰੀਫਾਈ ਕਰ ਲਏ ਜਾਣ, ਇਹ ਵੈਰੀਫਾਈ ਕਰ ਲਿਆ ਜਾਵੇ ਕਿ ਵਿਸ਼ੇ ਅਧੀਨ ਸਾਈਟ/ਤਜਵੀਜੀ ਬਿਲਡਿੰਗ ਕਿਸੇ ਸਟੇਟ ਗੌ:/ਸੈਂਟਰ ਗੌ: ਵੱਲੋਂ ਨੋਟੀਫਾਈਡ ਕੰਟਰੋਲ ਰਕਬੇ, ਰਾਖਵੇਂ ਰਕਬੇ ਜਾਂ ਕਿਸੇ ਵਰਜਿਤ ਰਕਬੇ ਅਧੀਨ ਨਾ ਆਉਂਦੀ ਹੋਵੇ ਅਤੇ ਇਸ ਸਬੰਧ ਵਿਚ ਜੇਕਰ ਕਿਸੇ ਵਿਭਾਗ/ਅਥਾਰਟੀ/ ਹਾਈਵੇ ਅਥਾਰਟੀ ਤੋਂ ਪ੍ਰਵਾਨਗੀ/ ਐਨ.ਓ.ਸੀ. ਲੋੜੀਂਦਾ ਹੈ ਅਤੇ ਅਜੇ ਤੱਕ ਜੇਕਰ ਪ੍ਰਾਪਤ ਨਹੀਂ ਕੀਤਾ ਤਾਂ ਪ੍ਰਾਪਤ ਕਰ ਲਿਆ ਜਾਵੇ, ਫਾਇਰ ਵਿਭਾਗ ਪਾਸੋਂ ਪ੍ਰਾਪਤ ਐਨ.ਓ.ਸੀ ਦੀਆਂ ਸ਼ਰਤਾਂ ਦੀ ਪਾਲਣਾ ਯਕੀਨੀ ਬਣਾ ਲਈ ਜਾਵੇ, ਪ੍ਰੋਜੈਕਟ ਦੀ ਰੇਰਾ (Real Estate Regulatory Authority) ਵਿਭਾਗ ਅਤੇ ਪਾਪਰਾ ਵਿੱਚ ਪ੍ਰਮੋਟਰ ਦੀ ਰਜਿਸਟ੍ਰੇਸ਼ਨ, ਲਾਇਸੰਸ ਟੂ ਡਿਵੈਲਪ ਕਲੋਨੀ ਦਾ ਲਾਇਸੰਸ ਪ੍ਰਾਪਤ ਕਰ ਲਿਆ ਜਾਵੇ ਅਤੇ ਉਸ ਸਬੰਧੀ ਸ਼ਰਤਾਂ ਦੀ ਪਾਲਣਾ ਯਕੀਨੀ ਬਣਾ ਲਿਆ ਜਾਵੇ, ਫਾਇਰ ਕੰਸਲਟੈਂਟ ਤੋਂ ਨਕਸ਼ਿਆਂ ਦੀ ਵੈਟਿੰਗ ਕਰਵਾ ਲਈ ਜਾਵੇ, ਪੰਜਾਬ ਈ.ਸੀ.ਬੀ.ਸੀ. ਦੀ ਗਾਈਡਲਾਈਨਜ਼ ਦੀ ਪਾਲਣਾ ਯਕੀਨੀ ਬਣਾਈ ਜਾਵੇ, ਤਜਵੀਜਤ ਇਮਾਰਤ ਦੀ ਉਸਾਰੀ ਵਾਸਤੇ ਅੰਡਰ ਗਰਾਊਂਡ ਪਾਣੀ ਦੀ ਵਰਤੋਂ ਨਾ ਕੀਤੀ ਜਾਵੇ, ਸਰਕਾਰ ਵੱਲੋਂ ਸਮੇਂ ਸਮੇਂ ਸਿਰ ਜਾਰੀ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾ ਲਈ ਜਾਵੇ, ਬਿਲਡਿੰਗ ਬਾਈਲਾਜ ਦੇ ਉਪਬੰਧਾਂ ਅਨੁਸਾਰ 80 ਵ:ਮੀ:ਰਕਬੇ ਤੇ ਇੱਕ ਰੁੱਖ ਲਗਵਾ ਲਿਆ ਜਾਵੇ ਅਤੇ ਸਰਕਾਰ ਵੱਲੋਂ ਮੀਮੋ ਨੰ: ਸੀਟੀਪੀ(ਸਸ)-2017/2200 ਮਿਤੀ 06.10.2017 ਦੀਆਂ ਹਦਾਇਤਾਂ ਅਤੇ ਸਰਕਾਰ ਵੱਲੋਂ ਸਮੇਂ ਸਮੇਂ ਤੇ ਜਾਰੀ ਹਦਾਇਤਾਂ ਅਨੁਸਾਰ ਬਣਦੇ ਚਾਰਜਿਜ ਵਸੂਲ ਕਰ ਲਏ ਜਾਣ। ਇਸ ਤੋਂ ਇਲਾਵਾ ਇਸ ਸੜਕ ਤੇ ਭਵਿੱਖ ਵਿੱਚ ਜਿੰਨੇ ਵੀ ਨਕਸ਼ੇ ਪਾਸ ਕੀਤੇ ਜਾਣਗੇ, ਸੜਕ ਨੂੰ 60 ਫੁੱਟ ਕਰਨਾ ਯਕੀਨੀ ਬਣਾਇਆ ਜਾਵੇ।

ਸੰਯੁਕਤ ਡਾਇਰੈਕਟਰ,
ਨੋਡਲ ਅਫਸਰ (ਸਥਾਨਕ ਸਰਕਾਰ)
ਪੰਜਾਬ ਬਿਓਰੋ ਆਫ ਇੰਨਵੈਸਟਮੈਂਟ ਪ੍ਰਮੋਸ਼ਨ

